

# UI Online[SM]

## UI Online[SM] ਲਈ ਰਜਿਸਟਰ ਕਰੋ ਅਤੇ ਅੱਜ ਹੀ ਬੇਰੁਜ਼ਗਾਰੀ ਬੀਮਾ (UI) ਦੇ ਫਾਇਦੀਆਂ ਲਈ ਪ੍ਰਮਾਣਿਤ ਹੋਵੋ!

### ਇਹ 1, 2, 3 ਜਿੰਨਾਂ ਆਸਾਨ ਹੈ।

1. UI Online[SM] ਦੇ ਹੋਮ ਪੇਜ਼ ਤੇ ਜਾਓ:
**www.edd.ca.gov/UI_Online**

2. UI Online[SM] ਖਾਤੇ ਲਈ ਰਜਿਸਟਰ ਕਰਨ ਲਈ ਆਪਣੇ ਰੋਜ਼ਗਾਰ ਸੁਰੱਖਿਆ ਵਿਭਾਗ (EDD) ਦਾ ਗਾਹਕ ਖਾਤਾ ਨੰਬਰ, ਸਮਾਜਕ ਸੁਰੱਖਿਆ ਨੰਬਰ, ਜਨਮ ਦੀ ਤਾਰੀਖ਼, ਅਤੇ ਨਿੱਜੀ ਈ-ਮੇਲ ਪਤੇ ਦੀ ਵਰਤੋਂ ਕਰੋ।

3. ਫਾਇਦੀਆਂ ਅਤੇ ਹੋਰ ਚੀਜ਼ਾਂ ਲਈ ਪ੍ਰਮਾਣਿਤ ਹੋਣ ਲਈ UI Online[SM] ਜਾਂ UI Online Mobile[SM] ਤੇ ਲੱਗ-ਇਨ ਕਰੋ ਅਤੇ ਵਰਤੋਂ ਸ਼ੁਰੂ ਕਰੋ।

---

UI Online[SM]
ਵੇਰਵੇ ਸਮੇਤ ਦਾਅਵੇ ਦੀ ਜਾਣਕਾਰੀ ਅਤੇ ਅਦਾਇਗੀ ਬਾਰੇ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ ਦਾ ਇੱਕ ***ਤੇਜ਼, ਸੁਵਿਧਾਜਨਕ, ਅਤੇ ਸੁਰੱਖਿਅਤ*** ਤਰੀਕਾ, ਫਾਇਦੀਆਂ ਲਈ ਪ੍ਰਮਾਣਿਤ ਹੋਵੋ, ਅਤੇ ਆਪਣੇ UI ਦਾਅਵੇ ਦਾ 24/7 ਔਨਲਾਈਨ ਪ੍ਰਬੰਧਨ ਕਰੋ।

## UI Online[SM] ਲਈ ਸਾਈਨ-ਅਪ ਕਿਉਂ ਕਰੋ?

- **UI ਦਾਅਵੇ ਬਾਰੇ ਜ਼ਰੂਰੀ ਜਾਣਕਾਰੀ 24/7 ਉਪਲਬਧ ਹੈ।** ਆਪਣੇ ਕੰਪਿਊਟਰ, ਸਮਾਰਟਫ਼ੋਨ, ਜਾਂ ਟੇਬਲੇਟ ਦੀ ਵਰਤੋਂ ਕਰਕੇ ਆਪਣੇ ਦਾਅਵੇ ਬਾਰੇ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰੋ।
- **ਪ੍ਰਮਾਣਿਕਰਨ (ਸਰਟੀਫਿਕੇਸ਼ਨ) ਤੇ ਤੇਜ਼ੀ ਨਾਲ ਕਾਰਵਾਈ ਕੀਤੀ ਜਾਂਦੀ ਹੈ!** ਔਸਤਨ, UI Online[SM] ਰਾਹੀਂ ਸਬਮਿਟ ਕੀਤੇ ਗਏ ਪ੍ਰਮਾਣਿਕਰਨ (ਸਰਟੀਫਿਕੇਸ਼ਨ) ਕਾਗਜ਼ੀ ਜਾਂ ਫ਼ੋਨ ਨਾਲੋਂ ਤੇਜ਼ ਕਾਰਵਾਈ ਕੀਤੀ ਜਾਂਦੀ ਹੈ।
- **ਦਾਅਵੇਦਾਰਾਂ ਨੂੰ ਤੋਂ ਘੱਟ ਫਾਲੋ-ਅਪ ਕਾਲਾਂ ਪ੍ਰਾਪਤ ਹੁੰਦੀਆਂ ਹਨ।** UI Online[SM] ਦੇ ਨਾਲ, ਸਪਸ਼ਟੀਕਰਣ ਜਾਣਕਾਰੀ ਪਹਿਲੇ ਹੀ ਪ੍ਰਾਪਤ ਕਰ ਲਈ ਜਾਂਦੀ ਹੈ ਜਿਸ ਨਾਲ ਫਾਲੋ-ਅਪ ਕਾਲਾਂ ਦੀ ਲੋੜ ਘੱਟ ਜਾਂਦੀ ਹੈ।
- **ਨਿੱਜੀ ਜਾਣਕਾਰੀ ਨੂੰ ਅਪਡੇਟ ਕਰਨਾ ਤੇਜ਼ ਅਤੇ ਆਸਾਨ ਹੈ।** ਇੱਕ ਮੇਲ ਪਤਾ, ਫ਼ੋਨ ਨੰਬਰ ਅਤੇ ਹੋਰ ਜਾਣਕਾਰੀ ਨੂੰ ਅਪਡੇਟ ਕਰਨਾ ਆਸਾਨ ਅਤੇ ਸੁਰੱਖਿਅਤ ਹੈ।
- **ਸਾਰੀ ਨਿਰਧਾਰਤ ਮੁਲਾਕਾਤਾਂ ਵੇਖੋ ਅਤੇ ਫ਼ੋਨ ਤੇ ਇੰਟਰਵੀਊ ਦੀਆਂ ਮੁਲਾਕਾਤਾਂ ਨੂੰ ਬਦਲੋ।**
- **ਡਾਕ ਤੇ ਪੈਸੇ ਦੀ ਬਚਤ ਕਰੋ ਅਤੇ ਆਮ ਦੇਰੀਆਂ ਤੋਂ ਹੋਣ ਵਾਲੀਆਂ ਗਲਤੀਆਂ ਨੂੰ ਘਟਾਓ ਜਿਸ ਕਰਕੇ ਫਾਇਦੇ ਦੇ ਭੁਗਤਾਨਾਂ ਵਿੱਚ ਦੇਰੀ ਹੋ ਸਕਦੀ ਹੈ।**

EDD Employment Development Department
State of California

**www.edd.ca.gov/UI_Online**

# UI Online℠ ਬਾਰੇ ਹੋਰ ਜਾਣਕਾਰੀ

## UI Online℠ **ਬਾਰੇ ਮੈਨੂੰ ਹੋਰ ਦੱਸੋ।**

UI Online℠ EDD ਦੇ ਕੁਸ਼ਲਤਾ ਵਿੱਚ ਸੁਧਾਰ ਕਰਨ ਲਈ, ਸੇਵਾਵਾਂ ਤੇ ਪਹੁੰਚ ਨੂੰ ਵਧਾਉਣ ਲਈ, ਬੇਰੁਜ਼ਗਾਰ ਕਰਮਚਾਰੀਆਂ ਨੂੰ ਫਾਇਦੇ ਦੇ ਭੁਗਤਾਨਾਂ ਨੂੰ ਤੇਜ਼ ਕਰਨ ਲਈ ਲਗਾਤਾਰ ਚੱਲ ਰਹੀਆਂ ਕੋਸ਼ਿਸ਼ਾਂ ਦਾ ਇੱਕ ਹਿੱਸਾ ਹੈ। UI Online℠ ਦੇ ਨਾਲ ਤੁਹਾਨੂੰ ਡਾਕ ਦੇ ਪਹੁੰਚਣ ਦੀ ਜਾਂ ਦੇ ਇੱਕ ਨੁਮਾਇੰਦੇ ਨਾਲ ਗੱਲ੍ਹ ਕਰਨ ਦੀ ਉਡੀਕ ਕੀਤੇ ਬਿਨਾਂ ਆਪਣੇ ਘਰ ਦੇ ਸੁਵਿਧਾਜਨਕ ਮਾਹੌਲ ਤੋਂ ਹੀ ਆਰਾਮ ਨਾਲ ਆਪਣਾ ਰੁਟੀਨ ਕਾਰੋਬਾਰ ਕਰਨ ਵਿੱਚ ਸਮਰਥ ਹੋਵੋਗੇ।

ਵੱਧੀ ਹੋਈ ਸਹੂਲਤ ਲਈ, UI Online Mobile℠ ਸਮਾਰਟਫ਼ੋਨ ਅਤੇ ਟੇਬਲੇਟ ਦੇ ਉਪਭੋਗੀਆਂ ਲਈ ਉਪਲਬਧ ਹੈ।

UI Online℠ ਤੁਹਾਡੇ ਲਈ ਆਸਾਨ ਬਣਾਂ ਦਿੰਦਾ ਹੈ:

- ਲਗਾਤਾਰ ਮਿਲ ਰਹੇ ਫਾਇਦੀਆਂ ਦੀ ਤਸਦੀਕ ਕਰਨਾ ਅਤੇ ਕੰਮ ਅਤੇ ਤਨਖਾਹਾਂ ਦੀ ਰਿਪੋਰਟ ਕਰਨਾ।*
- ਵੇਰਵੇ ਸਮੇਤ ਅਦਾਇਗੀ ਅਤੇ ਦਾਅਵੇ ਦੀ ਜਾਣਕਾਰੀ
- UI ਫਾਇਦੀਆਂ ਦੇ ਭੁਗਤਾਨਾਂ ਨੂੰ ਮੁੜ ਸ਼ੁਰੂ ਕਰਨ ਲਈ ਇੱਕ ਨੁਮਾਇੰਦੇ ਨਾਲ ਗੱਲ੍ਹ ਕੀਤੇ ਬਿਨਾਂ ਇੱਕ ਮੌਜੂਦਾ ਦਾਅਵੇ ਨੂੰ ਦੁਬਾਰਾ ਖੋਲ੍ਹਨਾ।*
- ਔਨਲਾਈਨ ਜਾਕੇ ਛੇਤੀ ਅਤੇ ਅਤਸਾਨੀ ਨਾਲ ਆਪਣੀ ਸੰਪਰਕ ਜਾਣਕਾਰੀ ਜਿਵੇਂ ਕਿ ਆਪਣਾ ਫ਼ੋਨ ਨੰਬਰ ਅਤੇ ਪਤਾ ਅਪਡੇਟ ਕਰਨਾ।

**ਅਧੂਰੇ ਜਾਂ ਕੰਮ ਸ਼ੇਅਰਿੰਗ ਵਾਲੇ ਗਾਹਕ ਇਸ ਵੇਲੇ ਫਾਇਦੀਆਂ ਲਈ ਤਸਦੀਕ ਕਰਨ ਵਿੱਚ ਜਾਂ UI Online℠ ਦੀ ਵਰਤੋਂ ਕਰਕੇ ਇੱਕ ਮੌਜੂਦਾ ਦਾਅਵੇ ਨੂੰ ਦੁਬਾਰਾ ਖੋਲ੍ਹਨ ਵਿੱਚ ਅਸਮਰਥ ਹਨ, ਪਰ ਸਿਸਟਮ ਦੇ ਹੋਰ ਸਾਰੇ ਫੀਚਰਾਂ ਤੱਕ ਪਹੁੰਚ ਸਕਦੇ ਹਨ।*

ਤੁਸੀਂ ਆਪਣੇ UI Online℠ ਦੇ ਹੋਮ ਪੇਜ਼ ਤੋਂ ਆਪਣੇ ਦਾਅਵੇ ਦਾ ਇੱਕ ਤੇਜ਼ ਸਨੈਪਸ਼ਾਟ ਵੀ ਪ੍ਰਾਪਤ ਕਰ ਸਕਦੇ ਹੋ:

- ਜ਼ਰੂਰੀ ਸੂਚਨਾਵਾਂ ਪ੍ਰਾਪਤ ਕਰੋ ਜਿਵੇਂ ਕਿ ਫਾਇਦੀਆਂ ਦੀ ਤਸਦੀਕ ਕਰਨ ਜਾਂ ਆਪਣੇ ਦਾਅਵੇ ਨੂੰ ਦੁਬਾਰਾ ਖੋਲ੍ਹਨ ਦਾ ਸਮਾਂ ਹੋ ਗਿਆ ਹੋਵੇ।
- ਸਾਰੀਆਂ ਨਿਰਧਾਰਤ ਮੁਲਾਕਾਤਾਂ ਵੇਖੋ ਅਤੇ ਫ਼ੋਨ ਤੇ ਇੰਟਰਵੀਊ ਨੂੰ ਬਾਅਦ ਦੀ ਤਾਰੀਖ਼ ਤੇ ਬਦਲੋ।
- ਆਪਣੇ ਦਾਅਵੇ ਦੇ ਸਾਰ ਨੂੰ ਵੇਖੋ ਜਿਸ ਵਿੱਚ ਜਾਰੀ ਕੀਤੇ ਗਏ ਭੁਗਤਾਨ, ਬਕਾਇਆ ਰਾਸ਼ੀ, ਹਫਤਾਵਾਰੀ ਫਾਇਦੀਆਂ ਦੀ ਰਾਸ਼ੀ, ਅਤੇ ਕੰਮ ਦੀ ਖੋਜ ਦੀਆਂ ਲੋੜਾਂ ਸ਼ਾਮਿਲ ਹਨ।

## EDD **ਦਾ ਗਾਹਕ ਖਾਤਾ ਨੰਬਰ ਕੀ ਹੈ?**

EDD ਗੁਪਤ ਜਾਣਕਾਰੀ ਦੀ ਸੁਰੱਖਿਆ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ ਹੈ ਅਤੇ ਲਗਾਤਾਰ ਅਜਿਹੇ ਤਰੀਕਿਆਂ ਦੀ ਭਾਲ ਕਰਦਾ ਰਹਿੰਦਾ ਹੈ ਜਿਸ ਨਾਲ ਗਾਹਕਾਂ ਦੀ ਨਿੱਜੀ ਜਾਣਕਾਰੀ ਦੀ ਰੱਖਿਆ ਕੀਤੀ ਜਾ ਸਕੇ। ਧੋਖਾਧੜੀ ਨੂੰ ਰੋਕਣ ਅਤੇ ਉਸਦਾ ਪਤਾ ਲਗਾਉਣ ਲਈ EDD ਦੇ ਸਿਸਟਮ ਵਿੱਚ ਬਿਲਟ-ਇਨ (ਬਣਾਈ ਗਈ) ਸੁਰੱਖਿਆ ਦੇ ਨਾਲ-ਨਾਲ, EDD ਨੇ EDD ਦੇ ਗਾਹਕ ਖਾਤਾ ਨੰਬਰ ਦੀ ਵਰਤੋਂ ਨੂੰ ਵੀ ਲਾਗੂ ਕੀਤਾ ਹੈ। ਇਸ ਨੰਬਰ ਦੀ ਵਰਤੋਂ EDD ਨਾਲ ਕਾਰੋਬਾਰ ਕਰਨ ਲਈ ਇੱਕ ਅਨੁਸਾਰੀ ਪਛਾਣ ਨੰਬਰ ਦੇ ਤੌਰ ਤੇ ਕੀਤੀ ਜਾ ਸਕਦੀ ਹੈ ਪਰ ਇਹ ਇਸ ਵੇਲੇ ਇੱਕ ਸਮਾਜਕ ਸੁਰੱਖਿਆ ਨੰਬਰ ਨੂੰ ਤਬਦੀਲ ਨਹੀਂ ਕਰੇਗਾ। ਇਸ ਦੀ UI Online℠ 'ਤੇ ਰਜਿਸਟਰ ਕਰਨ ਲਈ ਵੀ ਲੋੜ ਹੁੰਦੀ ਹੈ। ਯਾਦ ਰੱਖੋ, ਆਪਣੀ ਨਿੱਜੀ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕਰੋ, ਜਿਸ ਵਿੱਚ ਤੁਹਾਡਾ EDD ਗਾਹਕ ਖਾਤਾ ਨੰਬਰ ਵੀ ਸ਼ਾਮਿਲ ਹੈ।

## **ਕੀ ਹੋਵੇਗਾ ਜੇ ਮੇਰੇ ਕੋਲ ਇੱਕ ਅਪਾਹਜ ਬੀਮਾ ਜਾਂ ਅਦਾ ਕੀਤੇ ਹੋਏ ਪਰਿਵਾਰਕ ਛੁੱਟੀ ਦਾਅਵੇ ਕਰਕੇ ਪਹਿਲਾਂ ਹੀ ਇੱਕ** SDI **ਔਨਲਾਈਨ ਖਾਤਾ ਮੌਜੂਦ ਹੋਵੇ?**

ਤੁਹਾਡਾ ਆਪਣਾ SDI ਔਨਲਾਈਨ ਉਪਭੋਗੀ ਨਾਂ ਅਤੇ ਪਾਸਵਰਡ ਦੀ ਵਰਤੋਂ ਕਰਕੇ UI Online℠ ਲਈ ਰਜਿਸਟਰ ਕਰਨਾ ਜ਼ਰੂਰੀ ਹੈ। ਜਦੋਂ UI Online℠ ਲਈ ਰਜਿਸਟਰ ਕਰ ਰਹੇ ਹੋ ਤਾਂ ਕਿਰਪਾ ਕਰਕੇ "SDI ਲੱਾਗ ਇਨ ਦੀ ਵਰਤੋਂ ਕਰਕੇ ਰਜਿਸਟਰ ਕਰੋ (Register using SDI Login)" ਬਟਨ ਦੀ ਚੋਣ ਕਰੋ।

**ਅੱਜ ਹੀ ਰਜਿਸਟਰ ਕਰੋ ਅਤੇ** UI Online℠ **ਦੇ ਬਹੁਤੇਰੇ ਫਾਇਦੀਆਂ ਅਤੇ ਸਹੂਲਤਾਂ ਦਾ ਆਨੰਦ ਮਾਣੋ।**

EDD ਇੱਕ ਬਰਾਬਰ ਦਾ ਮੌਕਾ ਦੇਣ ਵਾਲਾ ਰੋਜ਼ਗਾਰਦਾਤਾ/ਪ੍ਰੋਗਰਾਮ ਹੈ। ਅਪਾਹਜ ਲੋਕਾਂ ਲਈ ਬੇਨਤੀ ਕੀਤੇ ਜਾਣ ਤੇ ਸਹਾਇਕ ਏਡਸ ਅਤੇ ਸੇਵਾਵਾਂ ਉਪਲਬਧ ਹਨ।

**www.edd.ca.gov/UI_Online**